# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

## ਕੰਟਰੋਲਰ (ਪ੍ਰੀਖਿਆਵਾਂ) ਦਫਤਰ

ਨੰ. 28280 /ਸੀ.ਓ.ਈ.

ਮਿਤੀ 04/03/2025

ਡਾਇਰੈਕਟਰ, ਯੋਜਨਾ ਤੇ ਨਿਰੀਖਣ ਸੈੱਲ ਵੱਲੋਂ ਪ੍ਰਾਪਤ ਪੱਤਰ ਨੰ. 2067/ਡੀ.ਪੀ.ਐਮ. ਮਿਤੀ 03.03.2025 (ਕਾਪੀ ਨੱਥੀ) ਅਨੁਸਾਰ ਦਾਖਲਾ ਸੈਸ਼ਨ 2024-25 ਦੌਰਾਨ ਪਹਿਲੇ ਸਮੈਸਟਰ ਵਿੱਚ NEP-2020 ਅਧੀਨ ਦਾਖਲ ਕੀਤੇ ਗਏ ਸਾਰੇ ਵਿਦਿਆਰਥੀਆਂ ਦੇ IDC/MDC ਅਤੇ SEC ਕੋਰਸਾਂ ਦੇ ਕਰੈਡਿਟ 3 ਕਰਨ ਦੀ ਸਿਫਾਰਸ਼ ਅਤੇ ਉਪਰੋਕਤ ਵਿਦਿਆਰਥੀਆਂ ਦੇ ਦਸੰਬਰ, 2024 ਵਿੱਚ ਸਮੈਸਟਰ ਪਹਿਲਾ ਦੀਆਂ ਹੋਈਆਂ ਪ੍ਰੀਖਿਆਵਾਂ ਵਿੱਚ IDC/MDC ਅਤੇ SEC ਕੋਰਸਾਂ ਦੇ ਨਤੀਜੇ 3 ਕਰੈਡਿਟ ਅਨੁਸਾਰ ਸਕੇਲਅਪ ਕਰਦੇ ਹੋਏ ਘੋਸ਼ਿਤ ਕੀਤੇ ਜਾਣੇ ਹਨ। ਡਾਇਰੈਕਟਰ, ਯੋਜਨਾ ਤੇ ਨਿਰੀਖਣ ਸੈੱਲ ਵੱਲੋਂ ਜਾਰੀ ਕੀਤੀ ਗਈ ਇੱਕ ਮੀਟਿੰਗ 12.08.2024 ਦੀ ਇਕੱਤਰਤਾ ਦੀ ਕਾਰਵਾਈ (ਕਾਪੀ ਨੱਥੀ) ਅਨੁਸਾਰ 3 ਕਰੈਡਿਟ ਦੇ ਪਰਚੇ 100 ਨੰਬਰਾਂ ਦੇ ਹੋਣਗੇ। ਸਮੂਹ ਸੈੱਟਾਂ ਨੂੰ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਦਾਖਲਾ ਸੈਸ਼ਨ 2024-25 ਦੇ ਪਹਿਲੇ ਸਮੈਸਟਰ ਦੀਆਂ ਪ੍ਰੀਖਿਆਵਾਂ ਦੇ ਨਤੀਜੇ ਘੋਸ਼ਿਤ ਕਰਨ ਤੋਂ ਪਹਿਲਾਂ IDC/MDC ਅਤੇ SEC ਕੋਰਸਾਂ ਨੂੰ 3 ਕਰੈਡਿਟ ਦੇ ਮੰਨਦੇ ਹੋਏ 100 ਅੰਕਾਂ ਨਾਲ ਨਤੀਜਾ ਘੋਸ਼ਿਤ ਕੀਤਾ ਜਾਵੇ।

Sharma 04/03/25

**ਕੰਟਰੋਲਰ (ਪ੍ਰੀਖਿਆਵਾਂ)**

1. ਸਮੂਹ ਵਿਭਾਗਾਂ ਦੇ ਮੁਖੀ ਸਾਹਿਬਾਨ,
   ਸਮੂਹ ਕੰਸਟੀਚੁਐਂਟ ਕਾਲਜ/ਨੇਬਰਹੁੱਡ ਕੈਂਪਸ ਅਤੇ
   ਕਾਲਜਾਂ ਦੇ ਪ੍ਰਿੰਸੀਪਲ/ਇੰਚਾਰਜ/ਕੋਆਰਡੀਨੇਟਰ ਸਾਹਿਬਾਨ
2. ਸਹਾਇਕ ਰਜਿਸਟਰਾਰ (ਮੀਟਿੰਗਜ਼)
3. ਨਿਗਰਾਨ/ਜੀ.ਏ. ਦੁਆਰਾ ਪੱਤਰ ਨੂੰ ਸਬੰਧਿਤ ਸੈੱਟਾਂ ਨੂੰ ਸਰਕੂਲਰ ਕਰਨ ਹਿੱਤ।

Scanned with CamScan

# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਤ)

**ਦਫ਼ਤਰ, ਡਾਇਰੈਕਟਰ, ਯੋਜਨਾ ਅਤੇ ਨਿਰੀਖਣ**

ਪੰਜਾਬੀ ਯੂਨੀਵਰਸਿਟੀ NEP ਕੋਆਰਡੀਨੇਸ਼ਨ ਕਮੇਟੀ ਦੀ ਮਿਤੀ 28-02-2025 ਨੂੰ ਪੂਰਵ ਦੁਪਹਿਰ 11:30 ਵਜੇ ਡਾਇਰੈਕਟਰ, ਯੋਜਨਾ ਅਤੇ ਨਿਰੀਖਣ ਦੇ ਦਫਤਰ ਵਿਖੇ ਹੋਈ ਇਕੱਤਰਤਾ ਦੀ ਕਾਰਵਾਈ:

ਹਾਜ਼ਰ ਮੈਂਬਰ ਸਾਹਿਬਾਨ:

1. ਡਾਇਰੈਕਟਰ, ਯੋਜਨਾ ਅਤੇ ਨਿਰੀਖਣ (ਚੇਅਰਮੈਨ)
2. ਡਾ. ਪੁਸ਼ਪਿੰਦਰ ਕੌਰ, ਕੋਆਰਡੀਨੇਟਰ, NEP - 2020
3. ਡਾ. ਦੀਪਕ ਕੁਮਾਰ (ਫੈਕਲਟੀ ਆਫ਼ ਸੋਸ਼ਲ ਸਾਇੰਸਿਜ਼)
4. ਡਾ. ਜਗਪ੍ਰੀਤ ਕੌਰ (ਫੈਕਲਟੀ ਆਫ਼ ਐਜੂਕੇਸ਼ਨ ਐਂਡ ਇਨਫਾਰਮੇਸ਼ਨ ਸਾਇੰਸ)
5. ਡਾ. ਸੁਖਜੀਤ ਕੌਰ (ਫੈਕਲਟੀ ਆਫ਼ ਕੰਪਿਊਟਿੰਗ ਸਾਇੰਸਿਜ਼)
6. ਡਾ. ਅਨੂਪ ਠਾਕੁਰ (ਫੈਕਲਟੀ ਆਫ਼ ਫਿਜੀਕਲ ਸਾਇੰਸਿਜ਼)
7. ਡਾ. ਮਨੀਸ਼ ਕਪੂਰ (ਫੈਕਲਟੀ ਆਫ਼ ਲਾਈਫ ਸਾਇੰਸਿਜ਼)

**ਇਕੱਤਰਤਾ ਦੀ ਕਾਰਵਾਈ**

ਇਸ ਇਕੱਤਰਤਾ ਵਿੱਚ ਯੂਨੀਵਰਸਿਟੀ ਵੱਲੋ ਜਾਰੀ ਕੀਤੇ NEP Templates 2024 ਨੂੰ ਵਾਚਿਆ ਗਿਆ ਜਿਸ ਵਿੱਚ IDC/MDC ਅਤੇ SEC ਕੋਰਸਾਂ ਦੇ 02-02 credits ਸਨ।

ਸੈਸ਼ਨ 2025-26 ਲਈ NEP Templates ਬਨਾਉਣ ਦੀ ਕਾਰਵਾਈ ਕੀਤੀ ਜਾ ਚੁੱਕੀ ਹੈ, ਜਿਸ ਵਿੱਚ IDC/MDC ਅਤੇ SEC ਕੋਰਸਾਂ ਦੇ 03-03 credits ਕੀਤੇ ਗਏ ਹਨ।

ਉਪਰੋਕਤ ਦੀ ਲਗਾਤਾਰਤਾ ਵਿੱਚ ਸੈਸ਼ਨ 2025-26 ਲਈ ਤਿਆਰ ਕੀਤੇ NEP Templates ਅਨੁਸਾਰ ਸੈਸ਼ਨ 2024-25 ਵਾਲੇ IDC/MDC ਅਤੇ SEC ਕੋਰਸਾਂ ਦੇ NEP Templates ਨੂੰ ਸਮਾਨ ਕਰਦੇ ਹੋਏ 03 credits ਦੇ ਕਰਨ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ।

ਸੋਧ ਕੀਤੇ Templates (ਨੱਥੀ) ਅਨੁਸਾਰ ਹੀ ਪ੍ਰੀਖਿਆ ਸ਼ਾਖਾ ਵੱਲੋਂ 2024-25 ਦੇ ਦਾਖ਼ਲ ਕੀਤੇ ਵਿਦਿਆਰਥੀਆਂ ਦੇ ਨਤੀਜੇ ਘੋਸ਼ਿਤ ਕੀਤੇ ਜਾਣਗੇ।

ਉਪਰੋਕਤ ਜਾਣਕਾਰੀ ਅਤੇ ਅਗਲੇਰੀ ਕਾਰਵਾਈ ਹਿੱਤ।

ਡਾ. (ਪੁਸ਼ਪਿੰਦਰ ਕੌਰ)
ਕੋ-ਆਰਡੀਨੇਟਰ
NEP - 2020

ਡਾ. (ਦੀਪਕ ਕੁਮਾਰ)
ਫੈਕਲਟੀ ਆਫ਼ ਸੋਸ਼ਲ ਸਾਇੰਸਿਜ਼

ਡਾ. (ਜਗਪ੍ਰੀਤ ਕੌਰ)
ਫੈਕਲਟੀ ਆਫ਼ ਐਜੂਕੇਸ਼ਨ ਐਂਡ
ਇਨਫਾਰਮੇਸ਼ਨ ਸਾਇੰਸ

ਡਾ. (ਸੁਖਜੀਤ ਕੌਰ)
ਫੈਕਲਟੀ ਆਫ਼ ਕੰਪਿਊਟਿੰਗ ਸਾਇੰਸਿਜ਼

ਡਾ. (ਅਨੂਪ ਠਾਕੁਰ)
ਫੈਕਲਟੀ ਆਫ਼ ਫਿਜ਼ੀਕਲ ਸਾਇੰਸਿਜ਼

ਡਾ. (ਮਨੀਸ਼ ਕਪੂਰ)
ਫੈਕਲਟੀ ਆਫ਼ ਲਾਈਫ ਸਾਇੰਸਿਜ਼

ਡਾਇਰੈਕਟਰ
ਯੋਜਨਾ ਅਤੇ ਨਿਰੀਖਣ
ਚੇਅਰਮੈਨ

ਫ਼ਾਈਲ ਪੇਸ਼ ਸਿਫ਼ਾਰਸ਼ਾਂ ਪ੍ਰਵਾਨਗੀ ਹਿੱਤ,

ਡਾਇਰੈਕਟਰ

2067/DPM
3/3/25

ਡੀ.ਆਰ. ਅਕਾਦਮਿਕ ਸਾਸਕੇ

Scanned with CamScan

35/c
11/c

**ਪੰਜਾਬੀ ਯੂਨੀਵਰਸਿਟੀ ਪਟਿਆਲਾ**
**(1961 ਦੇ ਪੰਜਾਬ ਐਕਟ ਨੰ. 35 ਤਹਿਤ ਸਥਾਪਤ)**
**ਦਫ਼ਤਰ ਡਾਇਰੈਕਟਰ, ਯੋਜਨਾ ਅਤੇ ਨਿਰੀਖਣ**

ਮਿਤੀ : 12.08.2024

**Proceedings of the Meeting dated 12.08.2024**

NEP 2020 ਨੂੰ ਹੋਰ ਸੁਚਾਰੂ ਢੰਗ ਨਾਲ ਲਾਗੂ ਕਰਨ ਲਈ NEP Coordination Committee ਅਤੇ UG-PG Course Coordination Committee ਦੀ ਇਕ ਸਾਂਝੀ ਮੀਟਿੰਗ ਮਿਤੀ 12.08.2024 ਨੂੰ ਕਮੇਟੀ ਰੂਮ (ਸਾਹਮਣੇ ਰਜਿਸਟਰਾਰ ਦਫ਼ਤਰ) ਵਿਖੇ ਕੀਤੀ ਗਈ। ਇਸ ਮੀਟਿੰਗ ਵਿਚ ਯੂਨੀਵਰਸਿਟੀ ਕੈਂਪਸ ਦੇ ਵੱਖ-ਵੱਖ ਵਿਭਾਗਾਂ ਵਿੱਚ ਸੈਸ਼ਨ 2024-25 ਦੌਰਾਨ ਚੱਲ ਰਹੇ UG-PG ਕੋਰਸਾਂ ਦੇ credits, ਅੰਕ ਅਤੇ ਟਾਈਮ ਟੇਬਲ ਆਦਿ ਨਾਲ ਸੰਬਧਤ Modalities ਨੂੰ ਤੈਅ ਕਰਨ ਲਈ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਵਿਚ ਹੇਠ ਲਿਖੇ ਮੈਂਬਰ ਸਾਹਿਬਾਨ ਹਾਜ਼ਰ ਸਨ :

NEP Coordination Committee

1. ਡਾ. ਪੁਸ਼ਪਿੰਦਰ ਕੌਰ, ਕੋਆਰਡੀਨੇਟਰ, NEP
2. ਡਾ. ਦੀਪਕ ਕੁਮਾਰ, ਫੈਕਲਟੀ ਆਫ਼ ਸੋਸ਼ਲ ਸਾਇੰਸਜ਼
3. ਡਾ. ਜਗਪ੍ਰੀਤ ਕੌਰ, ਫੈਕਲਟੀ ਆਫ਼ ਐਜੂਕੇਸ਼ਨ ਐਂਡ ਇਨਫਰਮੇਸ਼ਨ ਸਾਇੰਸ
4. ਡਾ. ਸੁਖਜੀਤ ਕੌਰ, ਫੈਕਲਟੀ ਆਫ਼ ਕੰਪਿਊਟਰ ਸਾਇੰਸ
5. ਡਾ. ਅਨੂਪ ਠਾਕੁਰ, ਫੈਕਲਟੀ ਆਫ਼ ਫਿਜ਼ੀਕਲ ਸਾਇੰਸਜ਼
6. ਡਾ. ਮਨੀਸ਼ ਕਪੂਰ, ਫੈਕਲਟੀ ਆਫ਼ ਲਾਈਫ਼ ਸਾਇੰਸਜ਼

Course Coordination Committee

1. ਡਾ. ਮੁਹੰਮਦ ਯੂਸਫ, ਕੋਆਡੀਨੇਟਰ, ਫਿਜ਼ੀਕਲ ਐਂਡ ਕੈਮੀਕਲ ਸਾਇੰਸਜ਼
2. ਡਾ. ਸ਼ੈਲੀ ਅਰੋੜਾ, ਕੋਆਰਡੀਨੇਟਰ, ਮੈਥੇਮੈਟਿਕਸ ਐਂਡ ਕੰਪਿਊਟੇਸ਼ਨਲ ਸਾਇੰਸਜ਼
3. ਡਾ. ਰਾਜਬੰਸ ਗਿੱਲ, ਕੋਆਰਡੀਨੇਟਰ, ਸ਼ੋਸ਼ਲ ਸਾਇੰਸਜ਼
4. ਡਾ. ਵਰਿੰਦਰ ਕੁਮਾਰ, ਕੋਆਰਡੀਨੇਟਰ, ਲੈਂਗੁਏਜ਼ਿਜ਼
5. ਡਾ. ਕਵਿਤਾ ਸਿੰਘ, ਕੋਆਰਡੀਨੇਟਰ, ਪ੍ਰੋਫਾਰਮਿੰਗ ਐਂਡ ਵੀਜ਼ੂਅਲ ਆਰਟਸ
6. ਡਾ. ਮਨੀਸ਼ ਕਪੂਰ, ਕੋਆਰਡੀਨੇਟਰ, ਬਾਇਓਲੋਜੀਕਲ ਸਾਇੰਸਜ਼

ਇਸ ਮੀਟਿੰਗ ਵਿਚ ਵਿਚਾਰ ਵਟਾਂਦਰਾ ਕਰਨ ਉਪਰੰਤ ਸਰਵ-ਸੰਮਤੀ ਨਾਲ ਹੇਠ ਲਿਖੇ ਫੈਸਲੇ ਲਏ ਗਏ:

1. ਥਿਊਰੀ ਨਾਲ ਸਬੰਧਤ ਸਾਰੇ Minor ਵਿਸ਼ੇ ਲਈ 04 Credits ਅਤੇ 100 ਅੰਕਾਂ ਦੇ ਹੋਣਗੇ। ਪ੍ਰੈਕਟਿਕਲ ਜਾਂ ਲੈਬੋਰਟਰੀ ਨਾਲ ਸਬੰਧਤ ਵਿਸ਼ਿਆ ਲਈ Minor ਲਈ ਥਿਊਰੀ 03 Credits ਅਤੇ 100 ਅੰਕਾਂ ਅਤੇ ਪ੍ਰੈਕੀਟਕਲ ਲਈ 01 Credit ਅਤੇ 50 ਅੰਕਾਂ ਦੇ ਨਿਰਧਾਰਿਤ ਕੀਤੇ ਗਏ।
2. UG-PG ਕੋਰਸਾਂ ਦੇ ਟਾਈਮ ਟੇਬਲ ਵਿਚ ਲੋੜੀਂਦੀ ਤਬਦੀਲੀ ਕਰਨ ਦਾ ਫੈਸਲਾ ਲਿਆ ਗਿਆ। ਫੈਸਲਾ ਹੋਇਆ ਕਿ ਥਿਊਰੀ ਨਾਲ ਸਬੰਧਤ Minor ਵਿਸ਼ੇ ਦੀਆਂ ਕਲਾਸਾਂ ਦਾ ਸਮਾਂ ਸਾਰੇ ਵਿਭਾਗਾਂ ਵਿਚ ਦਿਨ ਸੋਮਵਾਰ, ਮੰਗਲਵਾਰ, ਬੁੱਧਵਾਰ ਅਤੇ ਵੀਰਵਾਰ 12.00 ਤੋਂ 1.00 ਹੋਵੇਗਾ। ਪ੍ਰੈਕਟਿਕਲ ਜਾਂ ਲੈਬੋਰਟਰੀ ਨਾਲ ਸਬੰਧਤ Minor ਵਿਸ਼ੇ ਲਈ Theory ਦੀਆਂ ਕਲਾਸਾਂ ਸੋਮਵਾਰ, ਮੰਗਲਵਾਰ ਅਤੇ ਬੁੱਧਵਾਰ ਨੂੰ 12.00 ਤੋਂ 1.00 ਵਜੇ ਤੱਕ ਅਤੇ Practical Lab ਵੀਰਵਾਰ ਨੂੰ 11.00 ਤੋਂ 1.00 ਵਜੇ ਹੋਵੇਗੀ।
3. IDC/MDC ਦੇ ਪੇਪਰ 03 Credits ਅਤੇ 100 ਅੰਕਾਂ ਦੇ ਹੋਣਗੇ। IDC/MDC ਦੀ ਕਲਾਸ ਦਾ ਸਮਾਂ ਸਾਰੇ ਵਿਭਾਗਾਂ ਵਿਚ ਦਿਨ ਸੋਮਵਾਰ, ਮੰਗਲਵਾਰ ਅਤੇ ਬੁੱਧਵਾਰ ਨੂੰ 2.00 ਤੋਂ 3.00 ਵਜੇ ਹੋਵੇਗਾ।
4. VAC 02 Credits ਅਤੇ 50 ਅੰਕਾਂ ਦਾ ਹੋਵੇਗਾ ਅਤੇ ਇਸ ਪੇਪਰ ਦੀਆਂ ਕਲਾਸਾਂ ਦਾ ਸਮਾਂ ਸਾਰੇ ਵਿਭਾਗਾਂ ਵਿਚ ਦਿਨ ਵੀਰਵਾਰ ਅਤੇ ਸ਼ੁਕਰਵਾਰ ਨੂੰ 2.00 ਤੋਂ 3.00 ਵਜੇ ਹੋਵੇਗਾ।
5. SEC ਦਾ ਪੇਪਰ 3 Credits ਅਤੇ 100 ਅੰਕਾਂ ਦਾ ਹੋਵੇਗਾ।
6. ਸਾਰੇ ਵਿਭਾਗਾਂ ਦੇ ਵਿਦਿਆਰਥੀਆਂ ਦੀਆਂ Minor ਵਿਸ਼ਿਆਂ ਦੀਆਂ ਕਲਾਸਾਂ ਉਸ ਵਿਭਾਗ ਦੇ Major ਵਿਸ਼ਿਆਂ ਦੀਆਂ ਕਲਾਸਾਂ ਨਾਲੋਂ ਵੱਖਰੀਆਂ ਲਗਾਈਆਂ ਜਾਣਗੀਆ।
7. UG-PG ਕੋਰਸਾਂ ਦੇ 01 ਤੇ 02 Credits ਵਾਲੇ ਪੇਪਰ 50 ਅੰਕਾਂ ਦੇ ਹੋਣਗੇ ਅਤੇ 03 ਤੇ 04 Credits ਵਾਲੇ ਪੇਪਰ 100 ਅੰਕਾਂ ਦੇ ਹੋਣਗੇ।

Scanned with CamScan

8. UG-PG ਕੋਰਸਾਂ ਦੇ MST 21 ਤੋਂ 25 ਅਕਤੂਬਰ, 2024 ਦੌਰਾਨ ਹੋਣਗੇ। MST ਦੀ Date Sheet ਨਿਮਨਲਿਖਤ ਅਨੁਸਾਰ ਨਿਸ਼ਚਿਤ ਕੀਤੀ ਗਈ:

| | | |
|---|---|---|
| 21.10.2024 | Major 1 | 10.00-11.00 am. |
| 22.10.2024 | Major 2 | 10.00-11.00 a.m. |
| 23.10.2024 | Minor | 10.00-11.00 a.m. |
| | VAC | 3.00-4.00 p.m. |
| 24.10.2024 | Compulsory Punjabi | 10.00-11.00 a.m. |
| | AEC | 3.00-4.00 p.m. |
| 25.10.2024 | IDC/MDC | 10.00-11.00 a.m. |
| | SEC | 3.00-4.00 p.m. |

9. Minor ਪੇਪਰਾਂ ਵਿਚ ਵਿਦਿਆਰਥੀਆਂ ਦੀ Allocation ਬਾਰੇ ਅੰਤਿਮ ਫੈਸਲਾ SPoC (Single Point of Contact) ਦੁਆਰਾ ਆਪੋ ਆਪਣੀ ਫੈਕਲਟੀ ਦੇ ਪੱਧਰ ਤੇ ਲਿਆ ਜਾਵੇਗਾ। ਫੈਕਲਟੀ ਆਫ਼ ਲੈਂਗੁਏਜਿਜ਼ ਅਤੇ ਸੋਸ਼ਲ ਸਾਇੰਸਜ਼ ਦੇ ਵਿਸ਼ਿਆਂ ਵਿਚ ਵਿਦਿਆਰਥੀਆਂ ਦੀ Allocation ਬਾਰੇ ਫੈਸਲਾ ਦੋਨਾਂ ਫੈਕਲਟੀਆਂ ਦੇ SPoC ਦੁਆਰਾ ਸਾਂਝੇ ਤੌਰ ਤੇ ਲਿਆ ਜਾਵੇਗਾ।

10. ਲੜੀ ਨੰ. 1,3,5 ਅਤੇ 7 ਦੇ ਸਬੰਧ ਵਿਚ ਲੋੜੀਦੀਂ ਕਾਰਵਾਈ ਸਬੰਧਤ ਬੋਰਡ ਆਫ਼ ਸਟੱਡੀਜ਼ ਦੁਆਰਾ ਕਰਵਾ ਲਈ ਜਾਵੇ।

(ਡਾ. ਪੁਸ਼ਪਿੰਦਰ ਕੌਰ)
ਕੋਆਰਡੀਨੇਟਰ, NEP

(ਡਾ. ਦੀਪਕ ਕੁਮਾਰ)
ਫੈਕਲਟੀ ਆਫ਼ ਸੋਸ਼ਲ ਸਾਇੰਸਜ਼

(ਡਾ. ਜਗਪ੍ਰੀਤ ਕੌਰ)
ਫੈਕਲਟੀ ਆਫ਼ ਐਜੂਕੇਸ਼ਨ ਐਂਡ ਇਨਫਰਮੇਸ਼ਨ ਸਾਇੰਸ

(ਡਾ. ਸੁਖਜੀਤ ਕੌਰ)
ਫੈਕਲਟੀ ਆਫ਼ ਕੰਪਿਊਟਰ ਸਾਇੰਸ

(ਡਾ. ਅਨੂਪ ਠਾਕੁਰ)
ਫੈਕਲਟੀ ਆਫ਼ ਫਿਜੀਕਲ ਸਾਇੰਸਜ਼

(ਡਾ. ਮਨੀਸ਼ ਕਪੂਰ)
ਫੈਕਲਟੀ ਆਫ਼ ਲਾਈਫ਼ ਸਾਇੰਸਜ਼

(ਡਾ. ਡਾ. ਮੁਹੰਮਦ ਯੂਸਫ)
ਕੋਆਰਡੀਨੇਟਰ, ਫਿਜ਼ੀਕਲ ਐਂਡ ਕੈਮੀਕਲ ਸਾਇੰਸਜ਼

(ਡਾ. ਸ਼ੈਲੀ ਅਰੋੜਾ)
ਕੋਆਰਡੀਨੇਟਰ, ਮੈਥੇਮੈਟਿਕਸ ਐਂਡ ਕੰਪਿਊਟੇਸ਼ਨਲ ਸਾਇੰਸਜ਼

(ਡਾ. ਰਾਜਬੰਸ ਗਿੱਲ)
ਕੋਆਰਡੀਨੇਟਰ, ਸ਼ੋਸ਼ਲ ਸਾਇੰਸਜ਼

(ਡਾ. ਰਜਿੰਦਰ ਕੁਮਾਰ)
ਕੋਆਰਡੀਨੇਟਰ, ਲੈਂਗੁਏਜ਼ਿਜ਼

(ਡਾ. ਕਵਿਤਾ ਸਿੰਘ)
ਕੋਆਰਡੀਨੇਟਰ, ਪ੍ਰੋਫਾਰਮਿੰਗ ਐਂਡ ਵੀਜ਼ੂਅਲ ਆਰਟਸ

(ਡਾ. ਮਨੀਸ਼ ਕਪੂਰ)
ਕੋਆਰਡੀਨੇਟਰ, ਬਾਇਓਲੋਜੀਕਲ ਸਾਇੰਸਜ਼

(ਡਾ. ਜਸਵਿੰਦਰ ਸਿੰਘ ਬਰਾੜ)
ਡਾਇਰੈਕਟਰ, ਯੋਜਨਾ ਅਤੇ ਨਿਰੀਖਣ